ਪੰਜਾਬ ਮੰਡੀ ਬੋਰਡ
ਐਸ. ਸੀ. ਓ. ਨੰ. 149-152, ਸੈਕਟਰ 17-ਸੀ, ਚੰਡੀਗੜ੍ਹ

ਨੰ: ਸੜਕਾਂ/........
ਬਰਾਂਚ ਅਫਸਰ........
ਮਿਤੀ:-........
ਸ਼ਾਖਾ ਸਹਾਇਕ........

ਕਾਰਜਕਾਰੀ ਇੰਜੀਨੀਅਰ (ਸਿਵਲ),
ਪੰਜਾਬ ਮੰਡੀ ਬੋਰਡ, ਨਵਾਂਸ਼ਹਿਰ।

ਵਿਸ਼ਾ: ਜਿਲਾਂ ਨਵਾਂਸ਼ਹਿਰ ਅਧੀਨ ਸਾਲ 2000-01 (Left over ) ਅਤੇ 2001-02 ਦੌਰਾਨ ਪਹਿਲਾਂ ਮੁਰੰਮਤ ਕੀਤੀਆਂ /ਨਵੀਆਂ ਉਸਾਰੀਆਂ ਗਈਆਂ ਲਿੰਕ ਸੜ੍ਹਕਾਂ ਦੀ ਦੁਬਾਰਾ ਮੁਰੰਮਤ ਕਰਨ ਸਬੰਧੀ ਪ੍ਰਬੰਧਕੀ ਪ੍ਰਵਾਨਗੀ।

Programme 2000-01 (left over)

| Name of Market Committee | Repair | | Patchwork | | Allocation of Funds | | |
|---|---|---|---|---|---|---|---|
| | Length (in KM) | Estimate Cost (in Lac) | Length (in KM) | Estimate Cost (in Lac) | M. C. | | PMB |
| | | | | | 2008-09 | 2009-10 | |
| BALACHAUR | 14.78 | 126.05 | 6.06 | 6.06 | 0.00 | 0.00 | 132.11 |
| BANGA | 54.04 | 420.75 | 7.74 | 7.74 | 0.00 | 0.00 | 428.49 |
| NAWANSHAHER | 6.93 | 34.30 | 22.93 | 22.93 | 0.00 | 0.00 | 57.23 |

Programme 2001-02

| Name of Market Committee | Repair | | Patchwork | | Allocation of Funds | | |
|---|---|---|---|---|---|---|---|
| | Length (in KM) | Estimate Cost (in Lac) | Length (in KM) | Estimate Cost (in Lac) | M. C. | | PMB |
| | | | | | 2008-09 | 2009-10 | |
| BALACHAUR | 60.92 | 478.37 | 22.68 | 22.68 | 0.00 | 0.00 | 501.05 |
| BANGA | 95.87 | 766.35 | 6.05 | 6.05 | 25.00 | 93.75 | 653.65 |
| NAWANSHAHER | 147.86 | 962.75 | 4.96 | 4.96 | 22.50 | 84.38 | 860.83 |

ਸਕੱਤਰ, ਪੰਜਾਬ ਮੰਡੀ ਬੋਰਡ ਵਲੋਂ ਐਗਰੀਕਿਊਸ਼ਨ ਆਫ ਵਰਕਸ ਰੂਲਜ਼ 1979 ਦੇ ਰੂਲ 10 (ਫਸਟ ਅਮੈਂਡਮੈਂਟ) ਰੂਲ 2002 ਨੋਟੀਫਿਕੇਸ਼ਨ ਨੰ: 11/11/2002-ਐਮ-3/16102, ਮਿਤੀ 02-10-2002 ਅਨੁਸਾਰ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਹਵਾਲੇ ਵਿੱਚ ਦਰਜ ਪੱਤਰ ਦੇ ਸਬੰਧ ਵਿੱਚ ਉਪਰੋਕਤ ਅਨੁਸਾਰ ਨਾਲ ਨੱਥੀ ਮਾਰਕਿਟ ਕਮੇਟੀ ਵਾਰ ਸੜਕ ਵਾਰ ਸੂਚੀ ਮੁਤਾਬਿਕ ਲਿੰਕ ਸੜਕਾਂ ਦੀ ਮੁਰੰਮਤ ਕਰਵਾਉਣ ਦੀ **ਪ੍ਰਬੰਧਕੀ ਪ੍ਰਵਾਨਗੀ** ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਇਹ ਪ੍ਰਬੰਧਕੀ ਪ੍ਰਵਾਨਗੀ ਇਸ ਦਫਤਰ ਦੇ ਪੱਤਰ ਨੰ: ਉਸਾਰੀ/ਮੁ.ਇੰਜੀ./7196-7373, ਮਿਤੀ 06-04-88 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੈ।
2. ਇਹ ਪ੍ਰਬੰਧਕੀ ਪ੍ਰਵਾਨਗੀ ਆਪ ਵਲੋਂ ਭੇਜੀਆਂ ਗਈਆਂ ਮੁਰੰਮਤ ਹੋਣ ਯੋਗ ਸੜ੍ਹਕਾਂ ਦੀ ਸੂਚੀ ਵਿੱਚ ਦਰਜ ਲੰਬਾਈ ਅਤੇ ਲਾਗਤ ਦੇ ਆਧਾਰ ਤੇ ਜਾਰੀ ਕੀਤੀ ਜਾਂਦੀ ਹੈ।
3. ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਾਰਜਕਾਰੀ ਇੰਜੀਨੀਅਰ ਇਹ ਤਸਦੀਕ ਕਰੇ ਕਿ ਇਹ ਸੜ੍ਹਕ ਪਲਾਨ/ ਨਗਰ ਪਾਲਿਕਾ/ਨਿਗਮ/ਸੁਧਾਰ ਟਰੱਸਟ ਦੀ ਨਹੀਂ ਹੈ।
4. ਸਬੰਧਤ ਕਾਰਜਕਾਰੀ ਇੰਜੀਨੀਅਰ ਤਕਨੀਕੀ ਪ੍ਰਵਾਨਗੀ ਸਮੇਂ ਇਸਦੇ ਪ੍ਰਬੰਧਕੀ ਪ੍ਰਵਾਨਗੀ ਅਤੇ ਮੌਕੇ ਦੀ ਲੰਬਾਈ, ਇਸਦੀ ਪਿਛਲੀ ਮੁਰੰਮਤ ਕੀਤੀ ਹੋਣ ਅਤੇ ਹੋਰ ਸਾਰੇ ਤੱਥਾਂ ਦੇ ਸਹੀ ਹੋਣ ਨੂੰ ਯਕੀਨੀ ਬਣਾਏਗਾ।
5. ਪ੍ਰਬੰਧਕੀ ਪ੍ਰਵਾਨਗੀ ਨਾਲ ਨੱਥੀ ਦਸਤਖਤ ਕੀਤੀ ਸੂਚੀ ਵਿੱਚ ਕੋਈ ਅਦਲਾ-ਬਦਲੀ ਨਹੀਂ ਕੀਤੀ ਜਾਵੇਗੀ।
6. ਤਖਮੀਨਿਆਂ ਵਿੱਚ ਕੰਟੀਜੈਂਸੀ ਦੇ ਖਰਚਿਆਂ ਲਈ ½% ਅਤੇ ਵਰਕ ਚਾਰਜ ਲਈ 1% ਰਕਮ ਦਾ ਉਪਬੰਧ ਕੀਤਾ ਜਾਵੇਗਾ।
7. ਇਹ ਪ੍ਰਵਾਨਗੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਹੁਕਮਾਂ ਅਨੁਸਾਰ ਸਕੱਤਰ, ਪੰਜਾਬ ਮੰਡੀ ਬੋਰਡ ਜੀ ਦੇ ਹੁਕਮ ਮਿਤੀ **02.09.06** ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਨੱਥੀ:- ਪ੍ਰਬੰਧਕੀ ਪ੍ਰਵਾਨ ਸੜ੍ਹਕਾਂ ਦੀ ਸੂਚੀ

ਕਾਰਜਕਾਰੀ ਇੰਜੀਨੀਅਰ (ਉੱਤਰ)
ਵਾ: ਸਕੱਤਰ

ਪਿਠ ਅੰਕਣ ਨੰ: ਸੜਕਾਂ/ ਮਿਤੀ:

ਉਪਰੋਕਤ ਦਾ ਉਤਾਰਾ ਜਨਰਲ ਮੈਨੇਜਰ (ਲੇਖਾ), ਪੰਜਾਬ ਮੰਡੀ ਬੋਰਡ, ਚੰਡੀਗੜ੍ਹ ਅਤੇ ਸਕੱਤਰ, ਮਾਰਕਿਟ ਕਮੇਟੀ, ਬਲਾਚੌਰ, ਬੰਗਾ ਅਤੇ ਨਵਾਂਸ਼ਹਿਰ . ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਤਖਮੀਨੇ ਦੀ ਮੰਨਜ਼ੂਰ ਕੀਤੀ ਰਕਮ ਸਬੰਧੀ ਫੰਡ ਉਪਰੋਕਤ ਐਲੋਕੇਸ਼ਨ ਅਨੁਸਾਰ ਕਾਰਜਕਾਰੀ ਇੰਜੀਨੀਅਰ ਪਾਸ ਹੇਠ ਲਿਖੇ ਅਨੁਸਾਰ ਸਿੱਧੇ ਤੌਰ ਤੇ ਜਮ੍ਹਾਂ ਕਰਵਾ ਦਿੱਤੇ ਜਾਣ:

1. 25% ਪ੍ਰਵਾਨਤ ਤਖਮੀਨੇ ਦੀ ਰਕਮ ਤਖਮੀਨਾ ਤਕਨੀਕੀ ਪ੍ਰਵਾਨ ਕਰਨ ਉਪਰੰਤ
2. 50% ਪ੍ਰਵਾਨਤ ਤਖਮੀਨੇ ਦੀ ਰਕਮ ਕਾਰਜਕਾਰੀ ਇੰਜੀਨੀਅਰ ਵਲੋਂ ਉਕਤ ਫੰਡਾਂ ਦਾ ਵਰਤੋਂ ਸਰਟੀਫਿਕੇਟ ਜਾਰੀ ਕਰਨ ਉਪਰੰਤ
3. 25% ਪ੍ਰਵਾਨਤ ਤਖਮੀਨੇ ਦੀ ਰਕਮ ਕਾਰਜਕਾਰੀ ਇੰਜੀਨੀਅਰ ਵਲੋਂ ਪਹਿਲਾਂ ਜਾਰੀ ਕੀਤੇ ਗਏ 75% ਫੰਡਾਂ ਦਾ ਵਰਤੋਂ ਸਰਟੀਫਿਕੇਟ ਜਾਰੀ ਕਰਨ

ਨੱਥੀ:- ਪ੍ਰਬੰਧਕੀ ਪ੍ਰਵਾਨ ਸੜ੍ਹਕਾਂ ਦੀ ਸੂਚੀ

ਕਾਰਜਕਾਰੀ ਇੰਜੀਨੀਅਰ (ਉੱਤਰ)
ਵਾ: ਸਕੱਤਰ

ਪਿਠ ਅੰਕਣ ਨੰ: ਸੜਕਾਂ/ 6902-06 ਮਿਤੀ: 5/9/04

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਿਪਟੀ ਕਮਿਸ਼ਨਰ, ਨਵਾਂਸ਼ਹਿਰ। ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਸੜਕਾਂ ਦੀ ਮੁਰੰਮਤ ਦੀ ਪ੍ਰਗਤੀ ਦਾ ਮਹੀਨਾਵਾਰ ਮੀਟਿੰਗਾਂ ਵਿੱਚ ਜਾਇਜ਼ਾ ਲਿਆ ਜਾਵੇ।
2. ਨਿਗਰਾਨ ਇੰਜੀਨੀਅਰ (ਚੰਡੀਗੜ੍ਹ), ਪੰਜਾਬ ਮੰਡੀ ਬੋਰਡ, ਚੰਡੀਗੜ੍ਹ।
3. ਜ਼ਿਲ੍ਹਾ ਮੰਡੀ ਅਫ਼ਸਰ, ਨਵਾਂਸ਼ਹਿਰ।
4. [illegible], P.M.B. Chd.
5. ਸਰਕਲ ਮੁੱਖ ਖਰੜਾਕਾਰ (ਸੜਕਾਂ), ਪੰਜਾਬ ਮੰਡੀ ਬੋਰਡ, ਚੰਡੀਗੜ੍ਹ।

ਨੱਥੀ:- ਪ੍ਰਬੰਧਕੀ ਪ੍ਰਵਾਨ ਸੜਕਾਂ ਦੀ ਸੂਚੀ

ਕਾਰਜਕਾਰੀ ਇੰਜੀਨੀਅਰ (ਉੱਤਰ)
ਵਾ: ਸਕੱਤਰ